ISSN: 2584-0509





ਗੁਰਤੇਜ ਕੋਹਾਰਵਾਲਾ
koharwala@gmail.com

## 1.

ਸਰਦ ਮੌਸਮ ਦੀ ਅਖ਼ੀਰੀ ਬਰਫ਼ਬਾਰੀ ਹੋਣ ਲੱਗੀ।
ਵਿਹੰਦਿਆਂ ਹੀ ਰਿਸ਼ਤਿਆਂ ਦੀ ਝੀਲ ਖਾਰੀ ਹੋਣ ਲੱਗੀ।

ਕਿਸ ਤਰ੍ਹਾਂ ਦੀ ਰਾਤ ਮੇਰੇ ਰਸਤਿਆਂ ਵਿਚ ਲਹਿ ਪਈ ਹੈ,
ਖ਼ਾਬ ਪੀਲੇ ਪੈਣ ਲੱਗੇ, ਨੀਂਦ ਭਾਰੀ ਹੋਣ ਲੱਗੀ।

ਟਾਹਣੀਆਂ ਨੇ ਮੁੜ ਬਹਾਰਾਂ ਵਾਸਤੇ ਰਾਹ ਸਾਫ਼ ਕੀਤੇ,
ਪਤਝੜਾਂ ਦੇ ਦੌਰ ਤੇ ਬਹੁਕਰ-ਬੁਹਾਰੀ ਹੋਣ ਲੱਗੀ।

ਖ਼ੁਦ ਨੂੰ ਕਿੱਲੀ ਟੰਗ ਦਿੱਤਾ ਸੀ, ਨਕਾਰਾ ਸਾਜ਼ ਵਾਂਗੂੰ,
ਫੇਰ ਤੈਨੂੰ ਯਾਦ ਕੀਤਾ, ਰਾਗਦਾਰੀ ਹੋਣ ਲੱਗੀ।

ਗੂੰਜਦੇ ਸਭ ਨਾਦ ਹੌਲੀ-ਹੌਲੀ ਮੱਠੇ ਪੈ ਰਹੇ ਨੇ,
ਦੂਰ ਤਕ ਇਕ ਮੌਨ ਦੀ ਆਵਾਜ਼ ਭਾਰੀ ਹੋਣ ਲੱਗੀ।

ਦੇਰ ਤੱਕ ਮੈਂ ਰਾਤ ਗ਼ਲਿਬ ਦਾ ਕਿਹਾ ਸੁਣਦਾ ਰਿਹਾ,
ਪੀੜ ਨੂੰ ਪੜ੍ਹਿਆ ਤਾਂ ਹੁਣ ਉਸ ਦੀ ਖ਼ੁਮਾਰੀ ਹੋਣ ਲੱਗੀ।

## 2.

ਮੈਂ ਕਿਹੜੇ ਦੇਸ ਵਿਚ ਹਾਂ, ਰੋਜ਼ ਨਕਸ਼ਾ ਦੇਖਦਾ ਹਾਂ।

ਜਿਵੇਂ ਸਰਹੱਦ 'ਤੇ ਖੜ੍ਹ ਕੇ, ਘਰ ਦਾ ਰਸਤਾ ਦੇਖਦਾ ਹਾਂ।

ਤੁਸੀਂ ਮੇਰੇ ਸਫ਼ਰ ਨੂੰ ਜਿੰਨਾ ਨੇਰ੍ਹਾ ਕਰ ਰਹੇ ਹੋ,

ਮੈਂ ਓਨਾ ਜਾਗਦਾ ਹਾਂ, ਹੋਰ ਜ਼ਿਆਦਾ ਦੇਖਦਾ ਹਾਂ।

ਮੁਕੰਮਲ ਹੋ ਗਿਆ ਇਕ ਦਾਇਰਾ ਬੇਸ਼ਕ ਕਦੋਂ ਦਾ,

ਮੈਂ ਇਕ ਬਿੰਦੂ ਨੂੰ ਹਾਲੇ ਵੀ ਅਧੂਰਾ ਦੇਖਦਾ ਹਾਂ।

ਮੇਰੇ ਦਿਨ ਭਰ ਦੁਪਹਿਰੇ ਆਥਣਾਂ ਵੱਲ ਜਾ ਰਹੇ ਨੇ,

ਮੈਂ ਅੱਧੀ ਰਾਤ ਨੂੰ ਸੂਰਜ ਨਿਕਲਦਾ ਦੇਖਦਾ ਹਾਂ।

ਮੈਂ ਪੂਰੇ ਝੂਠ ਦੇ ਅਖ਼ਬਾਰ ਨੂੰ ਚੁੱਲ੍ਹੇ 'ਚ ਡਾਹਵਾਂ,

ਅਧੂਰੇ ਸੱਚ ਨੂੰ ਕੰਧਾਂ 'ਤੇ ਲਿਖਿਆ ਦੇਖਦਾ ਹਾਂ।

**3.**

ਰੁੜ੍ਹ ਰਹੀ ਮਿੱਟੀ 'ਤੇ ਅੱਖਰ ਧਰ ਕੇ ਏਥੇ ਆ ਗਿਆਂ।
ਵਾਕ ਮੇਰੇ ਵਹਿ ਗਏ, ਮੈਂ ਤਰ ਕੇ ਏਥੇ ਆ ਗਿਆਂ ।

ਮੇਰੇ ਪਿੰਡੇ ‘ਤੇ ਹਰੇ ਹੋ ਜਾਂਦੇ ਨੇ ਮੁੜ-ਮੁੜ ਚਟਾਕ,
ਮੈਂ ਕਿਤੇ ਪਤਝੜ ਤਰ੍ਹਾਂ ਵਾਪਰ ਕੇ ਏਥੇ ਆ ਗਿਆਂ।

ਸੀ ਬਹੁਤ ਕੋਸ਼ਿਸ਼ ਕਿ ਮੇਰੀ ਬਰਫ਼ ਜੰਮੀ ਹੀ ਰਹੇ,
ਮਾਫ਼ ਕਰਨਾ ਮੈਂ ਜ਼ਰਾ ਪੰਘਰ ਕੇ ਏਥੇ ਆ ਗਿਆ।

ਹੁਣ ਤਾਂ ਮੇਰਾ ਅਕਸ ਪਾਣੀ ਵਾਂਗ ਕੰਬਦਾ ਹੈ ਹਮੇਸ਼,
ਮੈਂ ਕਿਸੇ ਸ਼ੀਸ਼ੇ 'ਤੇ ਦਾਅਵਾ ਕਰ ਕੇ ਏਥੇ ਆ ਗਿਆਂ।

ਏਥੇ ਵੀ ਤਾਂ ਗੰਧਲੇ ਪੁਣਛਾਣ ਕਰਦੇ ਰੋਜ਼-ਰੋਜ਼,
ਆਪਣੇ ਵੱਲੋਂ ਤਾਂ ਮੈਂ ਨਿੱਤਰ ਕੇ ਏਥੇ ਆ ਗਿਆਂ।

ਸੋਚਿਆ ਇਕ ਸ਼ਾਮ 'ਨ੍ਹੇਰੀ ਨਾਲ ਚਲਦੇ ਹਾਂ ਕਿਤੇ,
ਡਿੱਗਿਆ ਅਸਮਾਨ 'ਚੋਂ, ਖਿੱਲਰ ਕੇ ਏਥੇ ਆ ਗਿਆਂ।

**4.**

ਕੁਝ ਦਰਿਆਵਾਂ ਨੂੰ ਸਾਵੇਂ ਹੋ ਵਹਿ ਸਕਣਾ ਨਾ ਆਇਆ।
ਉੱਚੀ ਥਾਂ ਤੋਂ ਲੰਘਣ ਵੇਲੇ, ਲਹਿ ਸਕਣਾ ਨਾ ਆਇਆ।

ਮੈਂ ਉਸ ਨੂੰ ਪਿਘਲਾ ਤਾਂ ਲੈਂਦਾ, ਪਰ ਕਿਸ ਭਾਂਡੇ ਪਾਉਂਦਾ?
ਉਸ ਨੂੰ ਵੀ ਤਾਂ ਪੱਥਰ ਹੋ ਕੇ ਰਹਿ ਸਕਣਾ ਨਾ ਆਇਆ।

ਸੁਪਨੇ ਫੜਦੇ, ਅਕਸਰ ਕੰਧਾਂ ਵਿਚ ਵੱਜੇ ਹਾਂ ਜਾ ਕੇ,
ਦੁਨੀਆਦਾਰਾਂ ਦੀ ਦੁਨੀਆ ਵਿਚ ਰਹਿ ਸਕਣਾ ਨਾ ਆਇਆ।

ਨਿੱਕੇ-ਨਿੱਕੇ ਦੁੱਖ ਵੀ ਮੇਰੇ ਵਿਚੋਂ ਉੱਚੀ ਬੋਲੇ,
ਕੰਡੇ ਦਾ ਚੁਭਣਾ ਵੀ ਮੈਨੂੰ ਸਹਿ ਸਕਣਾ ਨਾ ਆਇਆ।

ਲਿਖਦੇ ਹੋਇਆਂ ਕੁਝ ਥਾਵਾਂ 'ਤੇ ਮੈਂ ਵੀ ਸੱਚ ਤੋਂ ਡਰਿਆ,
ਕੁਝ ਥਾਵਾਂ ਤੇ ਲਫ਼ਜ਼ਾਂ ਨੂੰ ਵੀ ਕਹਿ ਸਕਣਾ ਨਾ ਆਇਆ।